ਪੰਚਾਇਤੀ ਚੋਣਾਂ ’ਚ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਾਂਗੇ : ਸੰਮੀ ਠੁੱਲੀਵਾਲ

ਕੁਲਵੀਰ ਜ਼ੀਰਾ ਤੇ ਸਾਥੀਆਂ ਉੱਪਰ ਹਮਲੇ ਦੀ ਨਿੰਦਾ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੰਚਾਇਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਨਾਲ ਕਿਸੇ ਵੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਪਰਮਿੰਦਰ ਸਿੰਘ ਸੰਮੀ ਠੁੱਲੀਵਾਲ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾ ਜ਼ੀਰਾ ਵਿਖੇ ਕਾਗਜ਼ ਭਰਨ ਆਏ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਕੁਲਵੀਰ ਸਿੰਘ ਜ਼ੀਰਾ ਤੇ ਸਮੱਰਥਕਾਂ ਨੂੰ ਜ਼ਖਮੀ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਚਾਇਤੀ ਚੋਣਾਂ ਵਿੱਚ ਭਾਗ ਲੈਣ ਦਾ ਹਰ ਇੱਕ ਨਾਗਰਿਕ ਨੂੰ ਪੂਰਾ ਅਧਿਕਾਰ ਹੈ, ਸਰਕਾਰ ਵੱਲੋਂ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚੋਂ ਪਾਸੇ ਕਰਨ ਲਈ ਜ਼ੋਰ ਲਾਇਆ ਜਾ ਰਿਹਾ ਹੈ।ਐਡਵੋਕੇਟ ਜਸਵੀਰ ਸਿੰਘ ਖੇੜੀ, ਆੜ੍ਹਤੀਆ ਸਰਬਜੀਤ ਸਿੰਘ ਸਰਬੀ, ਸੀਨੀਅਰ ਆਗੂ ਗੁਰਮੇਲ ਸਿੰਘ ਮੌੜ, ਪਿਆਰਾ ਸਿੰਘ ਮਾਹਮਦਪੁਰ, ਮਨਜੀਤ ਸਿੰਘ ਮਹਿਲ ਖੁਰਦ, ਡਾ: ਅਮਰਜੀਤ ਸਿੰਘ, ਬਲਵੰਤ ਰਾਏ ਹਮੀਦੀ, ਲਛਮਣ ਸਿੰਘ ਵਜੀਦਕੇ, ਪ੍ਰਕਾਸ਼ ਸਿੰਘ ਸਹਿਜੜਾ, ਬੱਗਾ ਸਿੰਘ ਮਹਿਲ ਕਲਾਂ, ਜਗਤਾਰ ਸਿੰਘ ਪੰਜਗਰਾਈਆਂ ਆਦਿ ਆਗੂਆਂ ਨੇ ਸੀਨੀਅਰ ਆਗੂ ਕੁਲਵੀਰ ਸਿੰਘ ਜ਼ੀਰਾ ਤੇ ਸਾਥੀਆਂ ਉੱਪਰ ਹਮਲਾ ਕਰਕੇ ਜ਼ਖਮੀ ਕੀਤੇ ਜਾਣ ਨੂੰ ਅਤੀ ਨਿੰਦਣਯੋਗ ਘਟਨਾ ਦੱਸਿਆ।ਆਗੂਆਂ ਨੇ ਇਸ ਘਟਨਾ ਦੀ ਜਾਂਚ ਕਰਵਾ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਦੁਸਹਿਰਾ ਗਰਾਊਂਡ ’ਚ ਰਾਮਲੀਲ੍ਹਾ ਦਾ ਮੰਚਨ ਸ਼ੁਰੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਦੁਸਹਿਰਾ ਮੈਦਾਨ ਵਿਖੇ ਸਰਵਹਿੱਤਕਾਰੀ ਸ੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਰਾਮਲੀਲ੍ਹਾ ਦਾ ਮੰਚਨ ਸ਼ੁਰੂ ਕਰਵਾ ਦਿੱਤਾ ਗਿਆ ਹੈ, ਜਿਸ ਦਾ ਉਦਘਾਟਨ ਸਮਾਜ ਸੇਵੀ ਸੁਰਿੰਦਰ ਬਾਂਸਲ ਨੇ ਜੋਤੀ ਪ੍ਰਚੰਡ ਕਰਕੇ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਸਟੇਜ ’ਤੇ ਹਵਨ ਕਰਵਾਇਆ ਗਿਆ ਤੇ ਫਿਰ ਆਰਤੀ ਕਰ ਮੰਚਨ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਸਮਾਜ ਸੇਵੀ ਸੁਰਿੰਦਰ ਬਾਂਸਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਵਿੱਤਰ ਗ੍ਰੰਥ ਰਮਾਇਣ ਸਾਨੂੰ ਰਿਸ਼ਤਿਆਂ ਦੀਆਂ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਂਦਾ ਹੈ, ਉੱਥੇ ਸਾਨੂੰ ਸੇਧ ਦਿੰਦਾ ਹੈ ਕਿ ਹਮੇਸ਼ਾ ਸੱਚਾਈ ਦੀ ਜਿੱਤ ਹੁੰਦੀ ਹੈ। ਰਾਤ ਦਿਖਾਏ ਗਏ ਦ੍ਰਿਸ਼ਾਂ ਵਿੱਚ ਨਟ-ਨਟੀ, ਰਾਵਣ ਵੱਲੋਂ ਭਗਵਾਨ ਸ਼ਿਵ ਦਾ ਕੈਲਾਸ਼ ਪਰਬਤ ਚੁੱਕਣ ਦੇ ਦ੍ਰਿਸ਼ ਦਿਖਾਏ ਗਏ। ਪ੍ਰਬੰਧਕ ਕਮੇਟੀ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਨੇ ਆਏ ਮੁੱਖ ਮਹਿਮਾਨਾਂ ਨੂੰ ਸਨਮਾਨਤ ਵੀ ਕੀਤਾ। ਇਸ ਮੌਕੇ ਕ੍ਰਿਸ਼ਨ ਲਾਲ ਸਚਦੇਵਾ, ਸੰਜੀਵ ਲੀਹਲ, ਸੰਜੀਵ ਰਿੰਕਾ, ਜਿੰਮੀ ਜੈਨ, ਸੰਨੀ ਸੂਦ, ਡਾਇਰੈਕਟਰ ਵਿੱਕੀ ਕਪੂਰ, ਡਾਇਰੈਕਟਰ ਦੀਪਕ ਕੁਮਾਰ, ਗੁਰਚਰਨ ਸਚਦੇਵਾ ਮੌਜੂਦ ਸਨ।

ਸੀ ਆਈ ਆਈ ਸੀ ਕੋਟਕਪੂਰਾ ਨੇ ਤਿੰਨ ਦਿਨਾਂ ’ਚ ਲਵਾਇਆ ਯੂ ਕੇ ਦਾ ਵੀਜ਼ਾ



ਮੋਗਾ (ਇਕਬਾਲ ਸਿੰਘ ਖਹਿਰਾ)-ਸ੍ਰੀ ਮੁਕਤਸਰ ਸਾਹਿਬ ਰੇਲਵੇ ਅੰਡਰਬ੍ਰਿਜ, ਕੋਟਕਪੂਰਾ ਨੇੜੇ ਸਥਿਤ ਚੰਡੀਗੜ੍ਹ ਇਮੀਗ੍ਰੇਸ਼ਨ ਤੇ ਇਮੀਗ੍ਰੇਸ਼ਨ ਸੰਸਥਾ (ਸੀ.ਆਈ.ਆਈ.ਸੀ.) ਤੋਂ ਤਿੰਨ ਤੋਂ ਚਾਰ ਦਿਨਾਂ ਦੇ ਅੰਦਰ ਹੀ ਯੂ.ਕੇ. ਦਾ ਵੀਜ਼ਾ ਲਵਾਇਆ ਹੈ। ਉਨ੍ਹਾਂ ਕਿਹਾ ਕਿ ਅਮਨਦੀਪ ਕੌਰ ਵਾਸੀ ਬਠਿੰਡਾ ਸੀ.ਆਈ.ਆਈ.ਸੀ. ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਪਣੇ ਪਤੀ ਤੇ ਬੱਚੇ ਸਮੇਤ ਅਮਨਦੀਪ ਕੌਰ ਦਾ ਵੀਜ਼ਾ ਪ੍ਰਾਪਤ ਕਰ ਲਿਆ ਹੈ। ਜੇਕਰ ਤੁਸੀਂ ਵੀ ਆਪਣੇ ਯੂ.ਕੇ., ਕੈਨੇਡਾ, ਆਸਟ੍ਰੇਲੀਆ, ਯੂ.ਐੱਸ.ਏ. ਜਾਣ ਦਾ ਸੁਪਨਾ ਪੂਰਾ ਕਰ ਸਕਦਾ ਹੈ। ਇਸ ਮੌਕੇ ਸੰਸਥਾ ਦੀ ਡਾਇਰੈਕਟਰ ਰਕਸ਼ੰਦਾ ਸ਼ਰਮਾ ਤੋਂ ਇਲਾਵਾ ਸੰਸਥਾ ਦਾ ਸਮੂਹ ਸਟਾਫ਼ ਹਾਜ਼ਰ ਸੀ।

ਸਲਾਈਟ ’ਚ ਇਨੋਵੇਸ਼ਨ ਵਾਕ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਇੰਸਟੀਚਿਊਟ ਇਨੋਵੇਸ਼ਨ ਸੈੱਲ (ਆਈ.ਆਈ.ਸੀ) ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਵੱਲੋਂ ਡਾਇਰੈਕਟਰ ਪ੍ਰੋ: ਮਣੀਕਾਂਤ ਪਾਸਵਾਨ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਇੱਕ ਇਨੋਵੇਸ਼ਨ ਵਾਕ ਦਾ ਆਯੋਜਨ ਕੀਤਾ ਗਿਆ।ਕਾਲਜ ਵਿਦਿਆਰਥੀਆਂ ਨੇ ਅਕਾਲ ਸੀਡ ਫਾਰਮ ਗੁਰਸਾਗਰ ਮਸਤੂਆਣਾ ਸਾਹਿਬ ਦਾ ਦੌਰਾ ਕੀਤਾ ਤੇ ਪਿੰਡ ਦੁੱਗਾਂ ਦੇ ਕਿਸਾਨਾਂ ਨਾਲ ਗੱਲਬਾਤ ਕੀਤੀ।ਇਸ ਮੌਕੇ ਡਾ. ਬੂਟਾ ਸਿੰਘ ਰੋਮਾਣਾ ਡਾਇਰੈਕਟਰ ਅਕਾਲ ਸੀਡ ਫਾਰਮ ਗੁਰਸਾਗਰ, ਮਸਤੂਆਣਾ ਸਾਹਿਬ ਨੇ ਫ਼ਸਲੀ ਚੱਕਰ ਤੇ ਜੈਵਿਕ ਸਬਜ਼ੀਆਂ ਦੀ ਪੈਦਾਵਾਰ ਵਿੱਚ ਪੇਸ਼ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਚਰਚਾ ਕੀਤੀ।ਇਹ ਪ੍ਰੇਰਨਾਦਾਇਕ ਸੈਰ ਸਿਰਫ਼ ਪਿੰਡਾਂ ਵਿੱਚੋਂ ਦੀ ਯਾਤਰਾ ਨਹੀਂ ਸੀ, ਸਗੋਂ ਸਥਾਨਕ ਚੁਣੌਤੀਆਂ ਨੂੰ ਸਮਝਣ ਤੇ ਹੱਲ ਕਰਨ ਵੱਲ ਇੱਕ ਕਦਮ ਸੀ।ਇਨ੍ਹਾਂ ਭਾਈਚਾਰਿਆਂ ਨਾਲ ਸਿੱਧੇ ਤੌਰ ’ਤੇ ਜੁੜ ਕੇ ਸਲਾਈਟ ਦਾ ਉਦੇਸ਼ ਇੱਕ ਸਹਿਯੋਗੀ ਮਾਹੌਲ ਨੂੰ ਉਤਸ਼ਾਹਤ ਕਰਨਾ ਹੈ, ਜਿੱਥੇ ਨਵੀਨਤਾਕਾਰੀ ਹੱਲ ਵਧ ਸਕਦੇ ਹਨ, ਸਮਾਜਿਕ ਭਲਾਈ ਨੂੰ ਵਧਾ ਸਕਦੇ ਹਨ ਤੇ ਮਜ਼ਬੂਤ ਭਾਈਚਾਰਕ ਬੰਧਨ ਬਣਾ ਸਕਦੇ ਹਨ।

ਸੰਗਤਾਂ ਨੂੰ ਪੰਜ ਗੁਰਧਾਮਾਂ ਦੇ ਦਰਸ਼ਨ ਕਰਾਏ

ਲੁਧਿਆਣਾ (ਐਮ ਐਸ ਭਾਟੀਆ)-ਸੰਗਤਾਂ ਨੂੰ ਗੁਰਧਾਮਾਂ ਦੇ ਦਰਸ਼ਨ ਕਰਾਉਣ ਲਈ ਉਪਰਾਲੇ ਕੀਤੇ ਜਾਂਦੇ ਹਨ, ਉੱਥੇ ਹੀ ਗੁਰਦੁਆਰਾ ਮਾਤਾ ਗੁਜਰੀ ਸਾਹਿਬ, ਪ੍ਰੀਤ ਨਗਰ ਗਲੀ ਨੰਬਰ 8 ਨੇੜੇ ਦੁਸਹਿਰਾ ਗਰਾਉਂਡ ਸਿਮਲਾਪੁਰੀ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਪੰਜ ਗੁਰਧਾਮਾਂ ਦੇ ਦਰਸ਼ਨ ਕਰਾਉਣ ਅਤੇ ਬੱਸ ਦੇ ਸਫਰ ਦੌਰਾਨ ਖਾਣ-ਪੀਣ ਦਾ ਵੀ ਉਪਰਾਲਾ ਕੀਤਾ ਗਿਆ।ਗੁਰਦੁਆਰਾ ਸਾਹਿਬ ਤੋਂ ਸਵੇਰ ਯਾਤਰਾ ਦੀ ਸ਼ੁਰੂਆਤ ਕਰਦਿਆਂ ਗੁ: ਸਾਹਿਬ ਦੇ ਹੈੱਡ ਗ੍ਰੰਥੀ ਸਵਰਨ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਯਾਤਰਾ ਆਰੰਭ ਕੀਤੀ ਗਈ।ਸੰਗਤਾਂ ਗੁਰੂਜੱਸ ਕਰਦੀਆਂ ਹੋਈਆਂ ਗੁ: ਬਾਬਾ ਬੁੱਢਾ ਜੀ, ਗੁ ਤਰਨਤਾਰਨ ਸਾਹਿਬ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਤੇ ਗੁ: ਬਾਬਾ ਬਕਾਲਾ ਸਾਹਿਬ ਜੀ ਦੇ ਦਰਸ਼ਨ ਕਰਦੀਆਂ ਦੇਰ ਰਾਤ ਨੂੰ ਵਾਪਸੀ ਗੁਰਦੁਆਰਾ ਸਾਹਿਬ ਵਿਖੇ ਪਹੁੰਚੀਆਂ।ਗੁ: ਸਾਹਿਬ ਦੇ ਪ੍ਰਧਾਨ ਭਾਈ ਬੂਟਾ ਸਿੰਘ ਜੀ ਨੇ ਦੂਰੋਂ ਨੇੜਿਓਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।ਯਾਤਰਾ ਦੌਰਾਨ ਸੰਗਤਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਦਿਆਂ ਕਿਹਾ ਕਿ ਸਮੇਂ ਵਿੱਚੋਂ ਸਮਾਂ ਕੱਢ ਕੇ ਮੁੜ ਦੁਬਾਰਾ ਧਾਰਮਿਕ ਸਥਾਨਾਂ ਦੀ ਯਾਤਰਾ ਦਾ ਉਪਰਾਲਾ ਨਿਰੰਤਰ ਜਾਰੀ ਰੱਖਿਆ ਜਾਵੇ ਤਾਂ ਜੁ ਗੁਰੂ ਸਾਹਿਬਾਨਾਂ ਦੇ ਇਤਿਹਾਸ ਤੋਂ ਬੱਚਿਆਂ ਨੂੰ ਜਾਣੂ ਕਰਾਇਆ ਜਾਵੇ।

ਸਰਕਾਰ ਪਰਾਲੀ ਨੂੰ ਲੈ ਕੇ ਪ੍ਰਸ਼ਾਸਨ ਰਾਹੀਂ ਕਿਸਾਨਾਂ ਨੂੰ ਤੰਗ ਕਰਨਾ ਬੰਦ ਕਰੇ : ਗੁਲਜਾਰ ਸਿੰਘ

ਕੇਂਦਰ ਤੇ ਪੰਜਾਬ ਸਰਕਾਰ ਪਰਾਲੀ ਨੂੰ ਸੰਭਾਲਣ ਲਈ ਕਰਾਵੇ ਮਸ਼ੀਨਰੀ ਮੁਹੱਈਆ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਵਿਖੇ ਕਿਸਾਨਾਂ ਦੀ ਇਕੱਤਰਤਾ ਦੌਰਾਨ ਵਿਚਾਰਾਂ ਹੋਈਆਂ ਵਿਚਾਰ ਦੌਰਾਨ ਕਿਸਾਨ ਆਗੂ ਸੂਬਾ ਮੀਤ ਪ੍ਰਧਾਨ ਗੁਲਜਾਰ ਸਿੰਘ ਘੱਲ ਕਲਾਂ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੂੰ ਯਾਦ ਕਰਾਇਆ ਕਿ ਪੰਜਾਬ ਦਾ ਕਿਸਾਨ ਕੋਈ ਫਾਲਤੂ ਨਹੀਂ ਤੁਰਿਆ ਫਿਰ ਰਿਹਾ, ਅਸੀਂ ਐੱਨ ਜੀ ਟੀ ਤੋਂ ਸੁਪਰੀਮ ਕੋਟ ਵਿੱਚ ਕੇਸ ਜਿੱਤੇ ਹੋਏ ਹਾਂ, ਪਰ ਫਿਰ ਵੀ ਅਸੀਂ ਸਮੂਹ ਕਿਸਾਨਾਂ ਅਪੀਲ ਕਰਦੇ ਹਾਂ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਈ ਜਾਵੇ, ਅਸੀਂ ਨਾਲ ਹੀ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਪ੍ਰਸ਼ਾਸਨ ਦੇ ਥਰੂ ਦਬਕੇ ਮਾਰਨ ਦੀ ਜ਼ਰੂਰਤ ਨਹੀਂ। ਉਹਨਾਂ ਕਿਹਾ ਕਿ ਕੋਈ ਵੀ ਕਿਸਾਨ ਨਹੀਂ ਚਾਹੁੰਦਾ ਕਿ ਅਸੀਂ ਝੋਨਾ ਬੀਜੀਏ, ਸਰਕਾਰਾਂ ਜਾਣ-ਬੁਝ ਕੇ ਕਿਸਾਨਾਂ ਨੂੰ ਝੋਨੇ ਦੀ ਫਸਲ ਵੱਲ ਧੱਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸਾਨੂੰ ਹੋਰ ਫਸਲਾਂ ’ਤੇ ਐੱਮ ਐੱਸ ਪੀ ਮੁਹੱਈਆ ਕਰਵਾਏ ਤਾਂ ਜੋ ਕਿਸਾਨਾਂ ਦਾ ਝੋਨੇ ਤੋਂ ਖਹਿੜਾ ਛੁੱਟ ਸਕੇ। ਇਸ ਸਮੇਂ ਸੂਬਾ ਮੀਤ ਪ੍ਰਧਾਨ ਮੁਖਤਿਆਰ ਸਿੰਘ ਦੀਨਾ ਸਾਹਿਬ ਨੇ ਕਿਹਾ ਕਿ ਸਰਕਾਰਾਂ ਕਿਸਾਨਾਂ ਨੂੰ ਪਰਾਲੀ ਸੰਭਾਲਣ ਲਈ ਸਸਤੀ ਤੇ ਵਧੀਆ ਮਸ਼ੀਨਰੀ ਮੁਹੱਈਆ ਕਰਵਾਏ ਤਾਂ ਜੋ ਕਿਸਾਨ ਪਰਾਲੀ ਨੂੰ ਅੱਗ ਨਾ ਲਾਉਣ। ਇਸ ਸਮੇਂ ਹਰਜੀਤ ਸਿੰਘ ਸੋਢੀ ਮਨਾਵਾਂ, ਬਲਕਰਨ ਸਿੰਘ ਢਿੱਲੋਂ ਮੀਡੀਆ ਇੰਚਾਰਜ, ਲਖਵਿੰਦਰ ਸਿੰਘ ਰੌਲੀ ਮੀਤ ਪ੍ਰਧਾਨ, ਜਗਸੀਰ ਸਿੰਘ ਜੱਗੀ, ਪਰਗਟ ਸਿੰਘ ਚੋਟੀਆਂ ਕਲਾਂ, ਜੋਗਿੰਦਰ ਸਿੰਘ ਚੋਟੀਆਂ ਕਲਾਂ, ਪਾਲ ਸਿੰਘ ਘਲ ਕਲਾਂ, ਪ੍ਰਕਾਸ਼ ਸਿੰਘ ਦੁੱਨੇਕੇ, ਦਰਸ਼ਨ ਸਿੰਘ ਦੁੱਨੇਕੇ, ਹਰਨੇਕ ਸਿੰਘ ਫਤਿਹਗੜ੍ਹ ਸੂਬਾ ਆਗੂ, ਪਰਮਜੀਤ ਬਹੋਨਾ, ਕਾਕੂ ਡਗਰੂ ਆਦਿ ਹਾਜ਼ਰ ਸਨ।

ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਨੇ ਪ੍ਰਧਾਨ ਮੰਤਰੀ ਦਾ ਪੁਤਲਾ ਫੂਕਿਆ



ਮਖੂ (ਰਛਪਾਲ ਸਿੰਘ ਸੰਧੂ)-ਭਾਜਪਾ ਆਗੂ ਲਖੀਮਪੁਰ ਖੀਰੀ ’ਚ ਭਾਜਪਾ ਆਗੂ ਅਜੇ ਮਿਸ਼ਰਾ ਵੱਲੋਂ ਕਿਸਾਨਾਂ ਤੇ ਇੱਕ ਪੱਤਰਕਾਰ ਨੂੰ ਜੀਪ ਥੱਲੇ ਦਰੜ ਕੇ ਸ਼ਹੀਦ ਕਰ ਦਿੱਤਾ ਸੀ, ਪਰ ਯੂ.ਪੀ ਸਰਕਾਰ ਵੱਲੋਂ ਇਨ੍ਹਾਂ ਵਿਰੁੱਧ ਬਣਦੀ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਵੱਲੋਂ ਨੈਸ਼ਨਲ ਹਾਈਵੇ 54 ਜ਼ੀਰਾ ਵਾਲਾ ਮੋੜ ਵਿਖੇ ਲਖੀਮਪੁਰ ਖੀਰੀ ਦੇ ਮੁਲਜ਼ਮ ਅਜੇ ਮਿਸ਼ਰਾ, ਯੋਗੀ ਅਦਿੱਤਿਆਨਾਥ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਸੁਖਦੇਵ ਸਿੰਘ ਮੰਡ, ਕਰਨੈਲ ਸਿੰਘ ਭੋਲਾ, ਨਿਰਮਲ ਸਿੰਘ, ਪਿੱਪਲ ਸਿੰਘ ਨੂਰਪੁਰ, ਜਗੀਰ ਸਿੰਘ ਬਹਾਵਲ ਪੁਰ, ਪੂਰਨ ਸਿੰਘ ਮਸਤੇ ਵਾਲਾ, ਸਵਰਨ ਸਿੰਘ, ਲਖਵਿੰਦਰ ਸਿੰਘ, ਗੁਲਾਬ ਸਿੰਘ ਜੋਗੇ ਵਾਲਾ ਆਦਿ ਕਿਸਾਨ ਹਾਜ਼ਰ ਸਨ।

ਪ੍ਰਾਈਵੇਟ ਹਸਪਤਾਲ ਤੋਂ ਚਲਦੇ ਇਲਾਜ ਦੌਰਾਨ ਲੜਕੀ ਦੀ ਮੌਤ

- ਪਰਵਾਰ ਵੱਲੋਂ ਡਾਕਟਰ ’ਤੇ ਇਲਾਜ ਦੌਰਾਨ ਅਣਗਹਿਲੀ ਵਰਤਣ ਦੇ ਦੋਸ਼
- ਡਾਕਟਰ ਨੇ ਦੋਸ਼ਾਂ ਨੂੰ ਨਕਾਰਿਆ
- ਥਾਣਾ ਮੁਖੀ ਵੱਲੋਂ ਪਰਵਾਰ ਨੂੰ ਪੂਰਨ ਇਨਸਾਫ ਦਾ ਭਰੋਸਾ

ਮਾਛੀਵਾੜਾ ਸਾਹਿਬ
(ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)

ਇਥੇ ਇੱਕ ਸਥਾਨਕ ਪ੍ਰਾਈਵੇਟ ਹਸਪਤਾਲ ਤੋਂ ਚਲਦੇ ਇਲਾਜ ਦੌਰਾਨ 15 ਸਾਲਾ ਵਿਦਿਆਰਥਣ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦਿਆਂ ਲੜਕੀ ਦੇ ਪਿਤਾ ਸੀਤਾ ਰਾਮ ਮੁਖੀਆ ਨੇ ਦੱਸਿਆ ਕਿ ਉਹ ਮਾਛੀਵਾੜਾ ਸਾਹਿਬ ਦੇ ਮਾਡਲ ਟਾਊਨ ਵਿਖੇ ਰਹਿੰਦਾ ਹੈ ਤੇ ਉਸ ਦੀ ਲੜਕੀ ਸਲੋਚੀ ਕੁਮਾਰੀ, ਜੋ ਕਿ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਵਿੱਚ 10ਵੀਂ ਜਮਾਤ ਦੀ ਵਿਦਿਆਰਥਣ ਹੈ, ਉਸ ਨੂੰ ਬੁਖਾਰ ਹੋਣ ਦੀ ਸਥਿੱਤੀ ਵਿੱਚ 30 ਸਤੰਬਰ ਨੂੰ ਸਵੇਰੇ 9 ਵਜੇ ਦੇ ਕਰੀਬ ਇੱਥੋਂ ਦੇ ਨਿੱਜੀ ਹਸਪਤਾਲ ਗਰਗ ਨਰਸਿੰਗ ਹੋਮ ਵਿਖੇ ਦਾਖ਼ਲ ਕਰਵਾਇਆ ਗਿਆ ਸੀ, ਉਥੇ ਡਾਕਟਰਾਂ ਨੇ ਇਲਾਜ ਦੌਰਾਨ ਦੱਸਿਆ ਕਿ ਇਹਦੇ ਲੀਵਰ ਵਿੱਚ ਇਨਫੈਕਸ਼ਨ ਹੈ ਤੇ ਸੈੱਲ ਵੀ ਡਾਊਨ ਹਨ।ਇਸ ਤੋਂ ਬਾਅਦ ਹਸਪਤਾਲ਼ ਦੇ ਡਾਕਟਰਾਂ ਨੇ ਇਲਾਜ ਸ਼ੁਰੂ ਕਰ ਦਿੱਤਾ।ਦੂਜੇ ਦਿਨ 1 ਅਕਤੂਬਰ ਨੂੰ ਡਾਕਟਰਾਂ ਨੇ ਦੱਸਿਆ ਕਿ ਲੜਕੀ ਦੇ ਸੈੱਲ ਵਧ ਕੇ 17000 ਹੋ ਗਏ ਹਨ, ਹੁਣ ਉਹ ਰਿਕਵਰ ਹੋ ਰਹੀ ਹੈ, ਪ੍ਰੰਤੂ 2 ਅਕਤੂਬਰ ਨੂੰ ਅਚਾਨਕ ਕਰੀਬ 12 ਵਜੇ ਡਾਕਟਰਾਂ ਵੱਲੋਂ ਕਿਹਾ ਗਿਆ ਕਿ ਲੜਕੀ ਦੇ ਸੈੱਲ ਬਹੁਤ ਘਟ ਗਏ ਹਨ, ਇਸ ਨੂੰ ਹੋਰ ਜਗ੍ਹਾ ਲੈ ਜਾਓ ਤੇ ਹਸਪਤਾਲ਼ ਦਾ ਬਿਲ 10000 ਰੁਪਏ ਜਮ੍ਹਾਂ ਕਰਵਾ ਦਿਓ।ਲੜਕੀ ਦੇ ਪਿਤਾ ਨੇ ਦੱਸਿਆ ਕਿ ਡਾਕਟਰ ਨੇ ਕਿਹਾ ਕਿ ਪੈਸੇ ਜਮ੍ਹਾਂ ਕਰਵਾਉਣ ਤੋਂ ਬਾਅਦ ਹੀ ਲੜਕੀ ਨੂੰ ਬਾਹਰ ਭੇਜਿਆ ਜਾਵੇਗਾ।ਉਸ ਤੋਂ ਬਾਅਦ ਮੈਂ ਕਿਸੇ ਤੋਂ 6000 ਫੜ ਕੇ ਜਮ੍ਹਾਂ ਕਰਵਾਏ, ਤਾਂ ਲੜਕੀ ਨੂੰ ਲਿਜਾਣ ਦਿੱਤਾ।ਅਸੀਂ ਆਪਣੀ ਪ੍ਰਾਈਵੇਟ ਕਾਰ ਵਿੱਚ ਲੜਕੀ ਨੂੰ ਖੰਨਾ ਲਈ ਲੈ ਕੇ ਗਏ, ਪਰ ਸਮਰਾਲਾ ਜਾ ਕੇ ਸਾਨੂੰ ਲੜਕੀ ਲਈ ਐਂਬੂਲੈਂਸ ਕਰਨੀ ਪਈ ਅਤੇ ਖੰਨਾ ਦੇ ਹਸਪਤਾਲ਼ ਪਹੁੰਚੇ, ਜਿੱਥੇ ਡਾਕਟਰਾਂ ਵੱਲੋਂ ਲੜਕੀ ਨੂੰ ਮ੍ਰਿਤਕ ਦੱਸ ਦਿੱਤਾ ਗਿਆ।ਲੜਕੀ ਦੇ ਪਿਤਾ ਨੇ ਦੋਸ਼ ਲਗਾਇਆ ਕਿ ਹਸਪਤਾਲ਼ ਵੱਲੋਂ ਵਧੀਆ ਇਲਾਜ ਨਹੀਂ ਕੀਤਾ ਗਿਆ, ਕਿਉਂਕਿ ਮੇਰੀ ਲੜਕੀ ਨੌਰਮਲ ਬੁਖ਼ਾਰ ਕਰਕੇ ਦਾਖ਼ਲ ਹੋਈ ਸੀ, ਜੇਕਰ ਲੜਕੀ ਦੀ ਹਾਲਤ ਸੱਚਮੁੱਚ ਨਾਜ਼ੁਕ ਸੀ ਤਾਂ ਪਹਿਲੇ ਜਾਂ ਦੂਜੇ ਦਿਨ ਹੀ ਰੈਫ਼ਰ ਕਿਉਂ ਨਹੀਂ ਕੀਤਾ ਗਿਆ।ਲੜਕੀ ਦੀ ਮੌਤ ਤੋਂ ਬਾਅਦ ਪਰਿਵਾਰਕ ਮੈਂਬਰ ਲੜਕੀ ਦੀ ਲਾਸ਼ ਨੂੰ ਐਂਬੂਲੈਂਸ ਵਿੱਚ ਲੈ ਕੇ ਮਾਛੀਵਾੜਾ ਥਾਣਾ ਪਹੁੰਚੇ ਅਤੇ ਥਾਣਾ ਮੁਖੀ ਪਵਿੱਤਰ ਸਿੰਘ ਨੂੰ ਸਾਰੀ ਘਟਨਾ ਬਾਰੇ ਦੱਸਿਆ, ਜਦੋਂ ਥਾਣਾ ਮੁਖੀ ਦੇ ਬੁਲਾਉਣ ਤੋਂ ਬਾਅਦ ਵੀ ਡਾਕਟਰ ਮਾਛੀਵਾੜਾ ਥਾਣਾ ਨਾ ਆਇਆ ਤਾਂ ਲੜਕੀ ਦੇ ਪਰਿਵਾਰਕ ਮੈਂਬਰ ਐਂਬੂਲੈਂਸ ਲੈ ਕੇ ਡਾਕਟਰ ਦੇ ਹਸਪਤਾਲ ਮੂਹਰੇ ਜਾ ਕੇ ਪਿੱਟ ਸਿਆਪਾ ਕਰਨ ਲੱਗੇ, ਇਸ ਮਾਮਲੇ ਨੂੰ ਦਬਾਉਣ ਲਈ ਸ਼ਹਿਰ ਦੇ ਕੁਝ ਪਤਵੰਤਿਆਂ ਦਾ ਦਬਾਅ ਬਣਦਾ ਵੀ ਸਾਫ਼ ਨਜ਼ਰ ਆਇਆ।

ਇਸ ਬਾਰੇ ਜਦੋਂ ਉਕਤ ਹਸਪਤਾਲ ਦੇ ਡਾਕਟਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸਾਡੇ ਵੱਲੋਂ ਲੜਕੀ ਦਾ ਇਲਾਜ ਸਹੀ ਕੀਤਾ ਗਿਆ ਹੈ ਤੇ ਇਲਾਜ ਦੌਰਾਨ ਕਿਸੇ ਪ੍ਰਕਾਰ ਦੀ ਕੋਈ ਵੀ ਅਣਗਹਿਲੀ ਨਹੀਂ ਵਰਤੀ ਗਈ।

ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਪਰਿਵਾਰ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ ’ਤੇ ਰਿਪੋਰਟ ਅਨੁਸਾਰ ਬਨਦੀ ਕਾਨੂੰਨੀ ਕਾਰਵਾਈ ਅਮਲ ’ਚ ਲਿਆਂਦੀ ਜਾਵੇਗੀ।ਉਨ੍ਹਾਂ ਦੱਸਿਆ ਕਿ ਮ੍ਰਿਤਕ ਲੜਕੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਮਰਾਲਾ ਦੇ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ।ਥਾਣਾ ਮੁਖੀ ਵੱਲੋਂ ਮ੍ਰਿਤਕ ਲੜਕੀ ਦੇ ਪਰਿਵਾਰਕ ਮੈਂਬਰਾਂ ਨੂੰ ਇਨਸਾਫ਼ ਦਿਵਾਉਣ ਦਾ ਪੂਰਾ ਭਰੋਸਾ ਦਿਵਾਇਆ ਗਿਆ।

ਲਾਸ਼ ਨੂੰ ਐਂਬੂਲੈਂਸ ਵਿੱਚ ਰੱਖ ਕੇ ਮਾਛੀਵਾੜਾ ਥਾਣਾ ਪਹੁੰਚੇ ਉਸ ਦੇ ਪਰਵਾਰਕ ਮੈਂਬਰ (ਇਨਸੈੱਟ) ਮ੍ਰਿਤਕ ਸਲੋਚੀ।

ਬਾਬਾ ਬਰਫਾਨੀ ਸੇਵਾ ਮੰਡਲ ਨੇ ਖ਼ੂਨਦਾਨ ਕੈਂਪ ਲਾ ਕੇ ਸ਼ਹੀਦ ਭਗਤ ਸਿੰਘ ਨੂੰ ਦਿੱਤੀ ਸ਼ਰਧਾਂਜਲੀ

- ਡੀ ਐੱਸ ਪੀ ਦਲਵੀਰ ਸਿੰਘ ਸਿੱਧੂ ਨੇ ਕੀਤਾ ਉਦਘਾਟਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਬਾਬਾ ਬਰਫਾਨੀ ਮੰਡਲ ਵੱਲੋਂ ਸਥਾਨਕ ਸ਼ਹਿਰ ਦੇ ਚੰਨੂੰਵਾਲਾ ਰੋਡ ਉਪਰ ਸਥਿਤ ਮਹਿੰਦਰਾ ਪੈਲੇਸ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਾ ਕੇ ਉਨ੍ਹਾਂ ਨੂੰ ਬਾਬਾ ਬਰਫਾਨੀ ਸੇਵਾ ਮੰਡਲ ਵੱਲੋਂ ਸ਼ਰਧਾਂਜਲੀ ਅਰਪਿਤ ਕੀਤੀ ਗਈ।ਡੀ.ਐੱਸ.ਪੀ. ਦਲਵੀਰ ਸਿੰਘ ਸਿੱਧੂ ਨੇ ਰੀਬਨ ਕੱਟ ਕੇ ਕੈਂਪ ਦਾ ਉਦਘਾਟਨ ਕੀਤਾ।ਇਸ ਮੌਕੇ ਡੀ.ਐੱਸ.ਪੀ. ਦਲਵੀਰ ਸਿੰਘ ਸਿੱਧੂ ਦਾ ਬਾਬਾ ਬਰਫਾਨੀ ਸੇਵਾ ਮੰਡਲ ਵੱਲੋਂ ਪੁੱਜਣ ’ਤੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਤੇ ਗੁਲਦਸਤਾ ਭੇਟ ਕੀਤਾ।ਇਸ ਮੌਕੇ ਡੀ.ਐੱਸ.ਪੀ. ਦਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ’ਤੇ ਬਾਬਾ ਬਰਫਾਨੀ ਸੇਵਾ ਮੰਡਲ ਵੱਲੋਂ ਕੈਂਪ ਲਗਾ ਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਹੈ।ਉਨ੍ਹਾਂ ਕਿਹਾ ਕਿ ਖ਼ੂਨਦਾਨ ਇੱਕ ਮਹਾਂਦਾਨ ਹੈ, ਜਿਸ ਨਾਲ ਕਈ ਕੀਮਤੀ ਜਾਨਾਂ ਬਚ ਜਾਂਦੀਆਂ ਹਨ।ਇਸ ਮੌਕੇ ਡੀ ਐੱਸ ਪੀ ਵੱਲੋਂ ਖ਼ੂਨਦਾਨੀਆਂ ਨੂੰ ਬੈਜ਼ ਲਗਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਸਰਟੀਫਿਕੇਟ ਸੌਂਪ ਕੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਡੀ.ਐੱਸ.ਪੀ. ਦਲਵੀਰ ਸਿੰਘ ਸਿੱਧੂ ਤੇ ਬਾਬਾ ਬਰਫਾਨੀ ਸੇਵਾ ਮੰਡਲ ਦੇ ਪ੍ਰਧਾਨ ਪ੍ਰਵੀਨ ਗੋਇਲ, ਤੀਰਥ ਬਾਂਸਲ, ਮਨੀ ਗਰਗ, ਰਾਜੇਸ਼ ਰਾਜਾ, ਸੁਰਿੰਦਰ ਬਾਂਸਲ, ਜਤਿੰਦਰ ਅਰੋੜਾ ਸੋਨੂੰ ਸਿੰਗਲਾ ਵੱਲੋਂ ਸ਼ਹੀਦੇ ਆਜ਼ਮ ਸ਼ਹੀਦ ਭਗਤ ਸਿੰਘ ਜੀ ਦੀ ਤਸਵੀਰ ’ਤੇ ਫੁੱਲ ਮਲਾਵਾਂ ਅਰਪਿਤ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਕੈਂਪ ਵਿੱਚ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਦੀ ਪਤਨੀ ਵੱਲੋਂ ਇਸ ਕੈਂਪ ਵਿੱਚ ਸ਼ਿਰਕਤ ਕਰਕੇ ਬਾਬਾ ਬਰਫਾਨੀ ਸੇਵਾ ਮੰਡਲ ਬਾਘਾ ਪੁਰਾਣਾ ਦੇ ਕਮੇਟੀ ਮੈਂਬਰਾਂ ਦੇ ਇਲਾਵਾ ਖ਼ੂਨਦਾਨੀਆਂ ਦੇ ਬੈਜ਼ ਲਗਾ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਲਗਾਏ ਗਏ ਖ਼ੂਨਦਾਨ ਕੈਂਪ ਵਿੱਚ 500 ਤੋਂ ਵੱਧ ਨੌਜਵਾਨਾਂ ਦੇ ਇਲਾਵਾ ਮਹਿਲਾਵਾਂ ਵੱਲੋਂ ਆਪਣਾ ਖ਼ੂਨ ਦਾਨ ਕਰਕੇ ਸ਼ਹੀਦ ਭਗਤ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਬਾਬਾ ਬਰਫਾਨੀ ਸੇਵਾ ਮੰਡਲ ਵੱਲੋਂ ਵਿਸ਼ੇਸ਼ ਤੌਰ ’ਤੇ ਪਹੁੰਚੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਐੱਮ ਪੀ ਸਰਬਜੀਤ ਸਿੰਘ ਖਾਲਸਾ ਦੀ ਪਤਨੀ ਅਤੇ ਹੋਰ ਪੁੱਜੀਆਂ ਮਾਣਯੋਗ ਸ਼ਖ਼ਸੀਅਤਾਂ ਦਾ ਧੰਨਵਾਦ ਕਰਨ ਦੇ ਇਲਾਵਾ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨਾਲ ਇਸ ਮਹਾਂਯਗ ਵਿੱਚ ਖ਼ੂਨ ਦਾਨ ਕਰਕੇ ਵੱਡਾ ਯੋਗਦਾਨ ਪਾਇਆ।

ਡਾ. ਸ਼ਾਮ ਲਾਲ ਥਾਪਰ ਕਾਲਜ ’ਚ ਮਹਾਤਮਾ ਗਾਂਧੀ ਤੇ ਸ਼ਾਸਤਰੀ ਦਾ ਜਨਮ ਦਿਹਾੜਾ ਮਨਾਇਆ

ਮੋਗਾ (ਇਕਬਾਲ ਸਿੰਘ ਖਹਿਰਾ)-ਮਹਾਤਮਾ ਗਾਂਧੀ ਜੀ ਦੀ 155ਵੀਂ ਜਯੰਤੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜੀ ਦਾ 120ਵਾਂ ਜਨਮ ਦਿਹਾੜਾ ਡਾ. ਸ਼ਾਮ ਲਾਲ ਥਾਪਰ ਕਾਲਜ ਵਿੱਚ ਮਨਾਈਆ ਗਿਆ। ਇਸ ਮੌਕੇ ਡਾ. ਮਾਲਤੀ ਥਾਪਰ ਸਾਬਕਾ ਮੰਤਰੀ ਪੰਜਾਬ ਤੇ ਕਾਲਜ ਦੇ ਚੇਅਰਮੈਨ ਤੇ ਡਾ. ਪਵਨ ਥਾਪਰ ਪ੍ਰਧਾਨ ਹਰੀਜਨ ਸੇਵਕ ਸੰਘ ਅਤੇ ਕਾਲਜ ਦੇ ਸਟਾਫ ਤੇ ਵਿਦਿਆਰਥੀਆਂ ਨੇ ਉਨ੍ਹਾਂ ਦੇ ਤਸਵੀਰਾਂ ਉੱਪਰ ਫੁੱਲ ਅਰਪਤ ਕੀਤੇ। ਇਸ ਤੋਂ ਬਾਅਦ ਆਪਣੇ ਸੰਬੋਧਨ ਵਿੱਚ ਡਾ. ਪਵਨ ਥਾਪਰ ਨੇ ਗਾਂਧੀ ਜੀ ਦੇ ਫਲਸਫੇ ’ਤੇ ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ। ਉਨ੍ਹਾ ਕਿਹਾ ਕਿ ਦੁਨੀਆ ਦੇ ਹਰ ਦੇਸ਼ ਅੰਦਰ ਗਾਂਧੀ ਜੀ ਦੇ ਸਮਾਰਕ ਬਣੇ ਹੋਏ ਹਨ। ਇਹ ਦੁਨੀਆਂ ਉਨ੍ਹਾ ਨੂੰ ਇਨ੍ਹਾਂ ਦੇ ਅਹਿੰਸਾ ਤੇ ਸ਼ਾਂਤੀ ਦੇ ਸੰਦੇਸ਼ ਲਈ ਯਾਦ ਕਰ ਰਹੀ ਹੈ। ਬੜੇ ਦੁੱਖ ਦੀ ਗੱਲ ਹੈ ਕਿ ਅੱਜ ਭਾਰਤ ਦੇਸ਼ ਅੰਦਰ ਗਾਂਧੀ ਜੀ ਦੇ ਵਿਚਾਰਾਂ ਦੇ ਉਲਟ ਨਫਰਤ ਤੇ ਅਹਿੰਸਾ ਫੈਲਾਉਣ ਵਾਲੀਆਂ ਤਾਕਤਾਂ ਨੇ ਸਿਰ ਚੁੱਕਿਆ ਹੋਇਆ ਹੈ ਜੋ ਕਿ ਸਾਡੇ ਦੇਸ਼ ਤੇ ਸਮਾਜ ਵਾਸਤੇ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾ ਕਿਹਾ ਕਿ ਸਾਨੂੰ ਆਪਣੇ ਜੀਵਨ ਅੰਦਰ ਇਨ੍ਹਾਂ ਸਿਧਾਂਤਾਂ ’ਤੇ ਚੱਲਣ ਦੀ ਬਹੁਤ ਜ਼ਰੂਰਤ ਹੈ। ਡਾ. ਥਾਪਰ ਨੇ ਸਵਰਗੀ ਲਾਲ ਬਹਾਦਰ ਸ਼ਾਸਤਰੀ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਨ੍ਹਾ ਦੇ ਮਜ਼ਬੂਤ ਨਿਸ਼ਚੇ ਤੇ ਸਾਦਗੀ ਸਾਡੇ ਸਭ ਲਈ ਇੱਕ ਬਹੁਤ ਵੱਡੀ ਮਿਸਾਲ ਹੈ। ਸ਼ਾਸਤਰੀ ਜੀ ਨੇ ਆਪਣੇ ਜੀਵਨ ਕਾਲ ਅੰਦਰ ਅਨੰਤ ਸ਼ਾਂਤੀ ਦੀ ਖਾਤਿਰ ਤਾਸ਼ਕੰਦ ਦਾ ਇਤਿਹਾਸਕ ਸਮਝੌਤਾ ਕੀਤਾ। ਇਸ ਮੌਕੇ ਬੋਲਦੇ ਹੋਏ ਡਾ. ਮਾਲਤੀ ਥਾਪਰ ਸਾਬਕਾ ਮੰਤਰੀ ਪੰਜਾਬ ਨੇ ਆਪਣੇ ਸੰਬੋਧਨ ਅੰਦਰ ਸਾਰਿਆਂ ਨੂੰ ਗਾਂਧੀ ਜੀ ਦੇ ਦਿਖਾਏ ਹੋਏ ਰਸਤੇ ’ਤੇ ਚੱਲਣ ਦੀ ਅਪੀਲ ਕਰਦੇ ਕਿਹਾ ਕਿ ਗਾਂਧੀ ਜੀ ਦਾ ਰਸਤਾ ਇੱਕ ਤੰਦਰੁਸਤ ਸਮਾਜ ਦੀ ਸਿਰਜਨਾ ਲਈ ਬਹੁਤ ਜ਼ਰੂਰੀ ਹੈ। ਉਨ੍ਹਾ ਦਾ ਕਹਿਣਾ ਸੀ ਕਿ ਲੜਕੇ ਤੇ ਲੜਕੀਆਂ ਦਾ ਆਚਰਨ ਬਹੁਤ ਉੱਚਾ ਹੋਣਾ ਚਾਹੀਦਾ ਹੈ। ਉਨ੍ਹਾ ਨੇ ਲਾਲ ਬਹਾਦਰ ਸ਼ਾਸਤਰੀ ਨੂੰ ਸ਼ਰਧਾ ਸੁੰਮਨ ਭੇਟ ਕਰਦੇ ਹੋਏ ਕਿਹਾ ਕਿ ਸ਼ਾਸਤਰੀ ਜੀ ਨੇ ਜੈ ਜਵਾਨ ਜੈ ਕਿਸਾਨ ਦਾ ਨਾਅਰਾ ਦੇ ਕੇ ਦੇਸ਼ ਨੂੰ ਹਰ ਪੱਖੋ ਮਜ਼ਬੂਤ ਕੀਤਾ। ਇਸ ਮੌਕੇ ਕਾਲਜ ਦੇ ਹੋਣਹਾਰ ਵਿਦਿਆਰਥੀ ਗੁਰਲੀਨ ਕੌਰ ਤੇ ਜੈਸਮੀਨ ਕੌਰ ਗਾਂਧੀ ਨੂੰ ਯਾਦ ਕਰਦੇ ਹੋਏ ਉਨ੍ਹਾ ਦੇ ਜਨਮ ਦਿਨ ਮੌਕੇ ਬਹੁਤ ਸੋਹਣੀ ਸਪੀਚ ਦਿੱਤੀ। ਇਸ ਮੌਕੇ ਮੈਡਮ ਸੁਨੀਤਾ ਦੇਵ, ਮੈਡਮ ਮਨਪ੍ਰੀਤ ਕੌਰ, ਜਗਬੀਰ ਸਿੰਘ ਤੇ ਬਾਕੀ ਕਾਲਜ ਦੇ ਵਿਦਿਆਰਥੀ ਸ਼ਾਮਲ ਹੋਏ।

ਸਿਰਸਾ ਸਾਧ ਨੂੰ ਪੈਰੋਲ ਦੇਣਾ ਚੋਣ ਕਮਿਸ਼ਨ ’ਤੇ ਵੱਡਾ ਪ੍ਰਸ਼ਨ ਚਿੰਨ੍ਹ : ਮਾਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜਿਸ ਅਖੌਤੀ ਸਿਰਸੇ ਵਾਲੇ ਸਾਧ ਨੇ ਆਪਣੀ ਦੁਕਾਨਦਾਰੀਨੁਮਾ ਡੇਰੇ ਵਿੱਚ ਬੀਬੀਆਂ ਨਾਲ ਬਲਾਤਕਾਰ ਕੀਤੇ ਹੋਣ ਅਤੇ ਆਪਣੇ ਮੰਦਭਾਵਨਾ ਭਰੇ ਮਕਸਦਾਂ ਦੇ ਸੱਚ ਨੂੰ ਛੁਪਾਉਣ ਲਈ ਡੇਰੇ ਵਿੱਚ ਆਪਣੇ ਨੇੜੇ ਦੇ ਸਾਥੀਆਂ ਤੇ ਵੱਡੀ ਗਿਣਤੀ ਵਿੱਚ ਬੀਬੀਆਂ ਨੂੰ ਜਾਨੋਂ ਮਾਰ ਕੇ ਉਨ੍ਹਾਂ ਦੇ ਸਰੀਰ ਮਿੱਟੀ ਵਿੱਚ ਦੱਬੇ ਹੋਣ ਅਤੇ ਜੋ ਮਨੁੱਖਤਾ ਦਾ ਕਾਤਲ ਹੋਵੇ, ਧਰਮ ਦੇ ਨਾਮ ’ਤੇ ਜਿਸ ਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੋਵੇ, ਅਜਿਹੇ ਨਾਮੀ ਮੁਜਰਿਮ ਅਖੌਤੀ ਸਿਰਸੇ ਵਾਲੇ ਨੂੰ ਵਾਰ-ਵਾਰ ਜੇਲ੍ਹ ਤੋਂ ਛੁੱਟੀ ਦੇਣ ਦਾ ਅਮਲ ਸਮੁੱਚੇ ਇੰਡੀਆ ਦੇ ਨਿਜਾਮ ਤੇ ਸਮਾਜ ਲਈ ਬਹੁਤ ਹੀ ਗਲਤ ਸੰਦੇਸ਼ ਦਿੰਦਾ ਹੈ, ਪਰ ਦੁੱਖ ਤੇ ਅਫਸੋਸ ਹੈ ਕਿ ਅਜਿਹੇ ਵੱਡੇ ਮੁਜਰਮ ਅਖੌਤੀ ਸਾਧ ਨੂੰ ਹੁਕਮਰਾਨ ਛੁੱਟੀ ਦਿਵਾ ਕੇ ਚੋਣਾਂ ਸਮੇਂ ਆਪਣੇ ਸਿਆਸੀ ਫਾਇਦੇ ਲੈਣ ਦੀ ਤਾਕ ਵਿੱਚ ਹਨ।ਇਸ ਦੇ ਬਾਵਜੂਦ ਜੇਕਰ ਚੋਣ ਕਮਿਸ਼ਨ ਇਸ ਕਾਤਲ ਸਾਧ ਦੀ ਰਿਹਾਈ ’ਤੇ ਰੋਕ ਨਹੀਂ ਲਗਾਉਂਦਾ, ਤਾਂ ਇਹ ਮੌਜੂਦਾ ਚੋਣ ਕਮਿਸ਼ਨ ਦੀ ਨਿਰਪੱਖਤਾ ’ਤੇ ਵੀ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਆ ਦੇ ਸਮਾਜ ਵਿੱਚ ਸਭ ਤੋਂ ਵੱਡੇ ਮੁਜਰਮ, ਕਾਤਲ ਤੇ ਬਲਾਤਕਾਰੀ ਸਿਰਸੇ ਵਾਲੇ ਸਾਧ ਨੂੰ ਵਾਰ-ਵਾਰ ਪੈਰੋਲ ’ਤੇ ਛੁੱਟੀ ਦੇਣ ਤੇ ਹੁਣ ਚੋਣਾਂ ਦੌਰਾਨ ਫਿਰ ਛੁੱਟੀ ਦੇਣ ਦੇ ਅਮਲਾਂ ਨੂੰ ਗੈਰ-ਕਾਨੂੰਨੀ, ਗੈਰ-ਇਨਸਾਨੀ ਤੇ ਸਿਆਸੀ ਫਾਇਦੇ ਲੈਣ ਵਾਲੀ ਕਾਰਵਾਈ ਕਰਾਰ ਦਿੰਦੇ ਹੋਏ ਮੌਜੂਦਾ ਚੋਣ ਕਮਿਸ਼ਨ ਨੂੰ ਜਨਤਾ ਦੀ ਕਚਹਿਰੀ ਵਿੱਚ ਖੜ੍ਹਾ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜਦੋਂ ਹਰਿਆਣੇ ਵਿੱਚ ਅਸੈਂਬਲੀ ਚੋਣਾਂ ਹੋ ਰਹੀਆਂ ਹਨ ਤੇ ਪੰਜਾਬ ਵਿੱਚ ਪੰਚਾਇਤੀ ਚੋਣਾਂ ਦਾ ਪ੍ਰਚਾਰ ਚੱਲ ਰਿਹਾ ਹੈ, ਤਾਂ ਅਜਿਹੇ ਸਮੇਂ ਸਭ ਤੋਂ ਵੱਡੇ ਦਾਗੀ ਮੁਜਰਮ ਸਿਰਸੇ ਵਾਲੇ ਸਾਧ ਨੂੰ ਛੁੱਟੀ ਦੇਣੀ ਇਥੋਂ ਦੇ ਸਮਾਜ ਨੂੰ ਗੰਧਲਾ ਕਰਨ ਵਾਲੀਆਂ ਤੇ ਚੋਣਾਂ ਸਮੇਂ ਦੰਗੇ ਫਸਾਦ ਕਰਵਾਉਣ ਵਾਲੇ ਦੁੱਖਦਾਇਕ ਅਮਲ ਹਨ, ਜਦੋਂਕਿ ਹੁਕਮਰਾਨਾਂ ਤੇ ਅਦਾਲਤਾਂ ਨੂੰ ਪਤਾ ਹੈ ਕਿ ਪੰਜਾਬ ਤੇ ਹਰਿਆਣਾ ਦੇ ਨਿਵਾਸੀ ਇਸ ਕਾਤਲ ਤੇ ਬਲਾਤਕਾਰੀ ਸਾਧ ਨੂੰ ਉਸ ਦੀਆਂ ਗੈਰ-ਇਖਲਾਕੀ ਕਾਰਵਾਈਆਂ ਕਾਰਨ ਨਫਰਤ ਕਰਦੇ ਹਨ ਤੇ ਉਸ ਦੇ ਰਿਹਾਅ ਹੋਣ ’ਤੇ ਵੱਖ ਵੱਖ ਕੌਮਾਂ, ਧਰਮਾਂ ਵਿੱਚ ਦੂਰੀ ਵੱਧਦੀ ਹੈ ਤਾਂ ਅਜਿਹੇ ਸਮੇਂ ਉਸ ਨੂੰ ਫਿਰ ਛੁੱਟੀ ਦੇ ਦੇਣੀ ਇਹ ਹੁਕਮਰਾਨਾਂ, ਅਦਾਲਤਾਂ ਤੇ ਚੋਣ ਕਮਿਸ਼ਨ ਦੀ ਮਿਲੀਭੁਗਤ ਨੂੰ ਪ੍ਰਤੱਖ ਕਰਦਾ ਹੈ।ਉਨ੍ਹਾਂ ਕਿਹਾ ਕਿ ਭਾਵੇਂ ਹਕੂਮਤ ਬੀਜੇਪੀ ਪਾਰਟੀ ਆਪਣੀ ਸਿਆਸੀ ਤਾਕਤ ਦੀ ਅਦਾਲਤਾਂ ਤੇ ਚੋਣ ਕਮਿਸ਼ਨ ’ਤੇ ਪ੍ਰਭਾਵ ਪਾ ਕੇ ਉਸ ਨੂੰ ਰਿਹਾਅ ਕਰਵਾ ਕੇ ਆਪਣੇ ਫਾਇਦੇ ਵਿੱਚ ਅਮਲ ਕਰਨਾ ਚਾਹੁੰਦੀ ਹੈ, ਪਰ ਹਰਿਆਣਾ ਤੇ ਪੰਜਾਬ ਦੇ ਅਣਖੀ ਨਿਵਾਸੀ ਬੀਜੇਪੀ-ਆਰ.ਐੱਸ.ਐੱਸ. ਦੀ ਮੰਦਭਾਵਨਾ ਭਰੀ ਸੋਚ ਨੂੰ ਕਾਮਯਾਬ ਨਹੀਂ ਹੋਣ ਦੇਣਗੇ ਤੇ ਬੀਜੇਪੀ ਨੂੰ ਲੋਕ ਅਵੱਸ਼ ਸਬਕ ਸਿਖਾਉਣਗੇ।

ਹੜ੍ਹ ਕੰਟਰੋਲ ਰੂਮ ’ਚ ਅਧਿਆਪਕਾਂ ਦੀਆਂ ਡਿਊਟੀਆਂ ਬੰਦ ਕੀਤੀਆਂ ਜਾਣ : ਰਾਜਦੀਪ ਬਰੇਟਾ

ਬਰੇਟਾ (ਰੀਤਵਾਲ)-ਅਧਿਆਪਕ ਦਲ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਰਾਜਦੀਪ ਸਿੰਘ ਬਰੇਟਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹ ਕੰਟਰੋਲ ਰੂਮਾਂ ਵਿੱਚ 1 ਜੁਲਾਈ ਤੋਂ 30 ਸਤੰਬਰ ਤੱਕ ਹੜ੍ਹਾਂ ਦੇ ਸਮੇਂ ਦੌਰਾਨ ਸ਼ਾਮ ਨੂੰ 5 ਵਜੇ ਤੋਂ ਲੈ ਕੇ ਅਗਲੇ ਦਿਨ ਸਵੇਰ ਦੇ 9 ਤੱਕ ਵਾਰੀ ਸਿਰ ਆਧਿਆਪਕਾਂ ਦੀਆਂ ਡਿਊਟੀਆਂ ਲਾਈਆਂ ਜਾਦੀਆਂ ਹਨ, ਪਰ ਪੰਜਾਬ ਸਰਕਾਰ ਨੇ ਇਸ ਵਾਰ ਅਕੂਤਬਰ ਵਿੱਚ ਵੀ ਆਧਿਆਪਕਾਂ ਦੀਆਂ ਡਿਊਟੀਆਂ ਲਾਈਆਂ ਜਾ ਰਹੀਆਂ ਹਨ, ਜੋ ਬਿਲਕੁਲ ਧੱਕਾ ਹੈ। ਇੱਕ ਪਾਸੇ ਪੰਚਾਇਤੀ ਚੋਣਾਂ ਵਿੱਚ ਡਿਊਟੀਆਂ ਦੇਣੀਆਂ ਹਨ। ਸੀ.ਈ.ਪੀ ਦੇ ਵਿਭਾਗੀ ਟੈਸਟਾਂ ਦੀਆਂ ਤਿਆਰੀਆਂ ਸਕੂਲਾਂ ਵਿੱਚ ਕਰਾਈਆਂ ਜਾ ਰਹੀਆਂ ਹਨ ਤੇ ਅਨੇਕਾਂ ਗੈਰ ਵਿੱਦਿਅਕ ਕੰਮ ਆਧਿਆਪਕਾਂ ਤੋਂ ਲਏ ਜਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਹੜ੍ਹਾਂ ਵਾਲੀਆਂ ਡਿਊਟੀਆਂ ਤੁਰੰਤ ਬੰਦ ਕੀਤੀਆਂ ਜਾਣ ਨਹੀਂ ਤਾਂ ਆਧਿਆਪਕ ਵਰਗ ਸਰਕਾਰ ਖਿਲਾਫ਼ ਸੰਘਰਸ਼ ਕਰਨ ਲਈ ਮਜਬੂਰ ਹੋਵੇਗਾ।

ਸਕੂਲ ਆਫ਼ ਐਮੀਨੈਂਸ ’ਚ ਸਰਬਜੀਤ ਕੌਰ ਨੇ ਸੰਭਾਲਿਆ ਅਹੁਦਾ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ) ਜਿੱਥੇ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਅਧਿਆਪਕਾਂ ਨੂੰ ਤਰੱਕੀ ਦੇ ਕੇ ਲੈਕਚਰਾਰ ਬਣਾਇਆ ਗਿਆ ਹੈ, ਉਥੇ ਹੀ ਸਰਕਾਰੀ ਹਾਈ ਸਕੂਲ ਸਾਦਕ ਵਿਖੇ ਆਪਣੀਆਂ ਚੰਗੀਆਂ ਸੇਵਾਵਾਂ ਦੇ ਰਹੀ ਐਸਐਸ ਅਧਿਆਪਕ ਸਰਬਜੀਤ ਕੌਰ ਨੂੰ ਵੀ ਸਿੱਖਿਆ ਵਿਭਾਗ ਵੱਲੋਂ ਤਰੱਕੀ ਦੇ ਕੇ ਲੈਕਚਰਾਰ ਨਿਯੁਕਤ ਕੀਤਾ ਗਿਆ ਹੈ। ਸਾਬਕਾ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਰੇਸ਼ ਕੁਮਾਰ ਅਰੋੜਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਸਰਬਜੀਤ ਕੌਰ ਨੂੰ ਤਰੱਕੀ ਦੇ ਕੇ ਬਤੌਰ ਲੈਕਚਰਾਰ ਸਕੂਲ ਆਫ਼ ਐਮੀਨੈਂਸ ਗੁਰੂ ਹਰਸਹਾਇ ਵਿਖੇ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਵੱਲੋਂ ਸਕੂਲ ਆਫ ਐਮੀਨੈਂਸ ਵਿਖੇ ਪਹੁੰਚ ਕੇ ਆਪਣੀ ਡਿਊਟੀ ਜੁਆਇਨ ਕੀਤੀ ਗਈ। ਲੈਕਚਰਾਰ ਸਰਬਜੀਤ ਕੌਰ ਨੇ ਦੱਸਿਆ ਕਿ ਉਹਨਾਂ ਦੇ ਕੰਮ ਨੂੰ ਦੇਖਦੇ ਹੋਏ ਸਿੱਖਿਆ ਵਿਭਾਗ ਵੱਲੋਂ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ ਹੈ ਤੇ ਉਨ੍ਹਾਂ ਨੂੰ ਲੈਕਚਰਾਰ ਬਣਾਇਆ ਗਿਆ ਹੈ। ਇਸ ਮੌਕੇ ਉਨ੍ਹਾਂ ਵੱਲੋਂ ਜਿੱਥੇ ਸਿੱਖਿਆ ਵਿਭਾਗ ਦਾ ਤਰੱਕੀ ਦੇਣ ਤੇ ਧੰਨਵਾਦ ਕੀਤਾ, ਉਥੇ ਵਿਸ਼ਵਾਸ ਦਿਵਾਇਆ ਕਿ ਉਹ ਪਹਿਲਾਂ ਨਾਲੋਂ ਵੀ ਵਧ-ਚੜ੍ਹ ਕੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣਗੇ ਤੇ ਉਨ੍ਹਾਂ ਨੂੰ ਚੰਗੇ ਇਨਸਾਨ ਬਣਨ ਦੇ ਲਈ ਪ੍ਰੇਰਤ ਕਰਨਗੇ।

AXIS BANK ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮਟਿਡ, : ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : ‘ਐਕਸਿਸ ਹਾਊਸ’ , ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025 ਰਜਿਸਟਰਡ ਦਫਤਰ : ‘ਤ੍ਰਿਸ਼ੂਲ’, ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬਰਿਜ਼ ਅਹਿਮਦਾਬਾਦ-380006

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ ’ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ’ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਨਿਯਮਾਂ ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ ’ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ’ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

ਕਰਜ਼ਦਾਰ ਅਤੇ ਹੋਰਨਾਂ ਦਾ ਨਾਂਅ ਅਤੇ ਪਤਾ	ਡਿਮਾਂਡ ਨੋਟਿਸ ਦੀ ਮਿਤੀ ਕਬਜ਼ੇ ਦੀ ਮਿਤੀ ਡਿਮਾਂਡ ਨੋਟਿਸ ’ਚ ਰਕਮ
1. ਸ੍ਰੀ ਸ਼ਾਮ ਲਾਲ ਪੁੱਤਰ ਠੇਰੂ ਰਾਮ (ਕਰਜ਼ਦਾਰ) ਰਾਹੀਂ ਕਾਨੂੰਨੀ ਵਾਰਿਸਾਂ । 2. ਸ੍ਰੀਮਤੀ ਸੋਨੀਆ ਪਤਨੀ ਸ਼ਾਮ ਲਾਲ (ਸਹਿ -ਕਰਜ਼ਦਾਰ/ਗਿਰਵੀਕਾਰ) ਦੋਵੇਂ ਵਾਸੀ ਮਕਾਨ ਨੰ. 12, ਸ਼ੇਰ ਸਿੰਘ ਕਾਲੋਨੀ ਗੁਰੂ ਰਵਿਦਾਸ ਇਨਕਲੇਵ, ਜ਼ਿਲ੍ਹਾ ਜਲੰਧਰ-144001, ਵਿਖੇ ਵੀ : ਮਕਾਨ ਨੰ. 34, ਨਾਹਲਾਂ ਪੁਲ , ਦਾਨਿਸ਼ਮੰਦਾਂ ਰਾਮ ਵਿਹਾਰ,ਜ਼ਿਲ੍ਹਾ ਜਲੰਧਰ-144002, ਵਿਖੇ ਵੀ ; ਮਕਾਨ ਨੰ. 143, ਅਨੂਪ ਨਗਰ, ਬਸਤੀ ਦਾਨਿਸ਼ਮੰਦਾਂ, ਤਹਿ. ਅਤੇ ਜ਼ਿਲ੍ਹਾ ਜਲੰਧਰ।	21 ਫਰਵਰੀ-2023 30 ਸਤੰਬਰ-2024 ਰੁਪਏ 16,12,398/- (ਰੁਪਏ ਸੋਲਾਂ ਲੱਖ ਬਾਰਾਂ ਹਜ਼ਾਰ ਤਿੰਨ ਸੌ ਅਠੱਨਵੇਂ ਕੇਵਲ)

ਅਚੱਲ ਜਾਇਦਾਦ ਦਾ ਵੇਰਵਾ : ਵਿਕਰੀ ਬੈਨਾਮਾ ਦਸਤਾਵੇਜ ਨੰ. 2020-21/187/1/6500 ਮਿਤੀ 07 ਜਨਵਰੀ 2021 ਰਾਹੀਂ ਸ੍ਰੀਮਤੀ ਸੋਨੀਆ ਪਤਨੀ ਸ਼ਾਮ ਲਾਲ ਦੇ ਨਾਂਅ ’ਤੇ ਅਨੂਪ ਨਗਰ, ਬਸਤੀ ਦਾਨਿਸ਼ਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਜਮਾਂਬੰਦੀ ਸਾਲ 2017-2018, ਹਦਬਸਤ ਨੰ 312 ਅਨੁਸਾਰ ਖੇਵਟ/ਖਤੌਨੀ ਨੰ. 226/243, ਖਸਰਾ ਨੰ. 139, 140,141,142,143,152 ਵਿਚ ਸ਼ਾਮਲ ਰਿਹਾਇਸ਼ੀ ਜਾਇਦਾਦ/ਮਕਾਨ ਨੰ. 143 ਰਕਬਾ 02 ਮਰਲੇ ਦੇ ਸਾਰੇ ਹਿੱਸੇ। ਹੱਦਾਂ -(ਦਸਤਾਵੇਜ਼ਾਂ ਅਨੁਸਾਰ) : ਪੂਰਬ : ਬਾਕੀ ਹਿੱਸਾ, ਪੱਛਮ : ਸੜਕ, ਉਤਰ : ਸੜਕ , ਦੱਖਣ ; ਮਕਾਨ ਨੰ. 144

ਉਕਤ ਦਰਜ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ ’ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 4 ਅਕਤੂਬਰ 2024
ਸਥਾਨ : ਜਲੰਧਰ

ਸਹੀ/-ਅਧਿਕਾਰਤ ਅਫਸਰ,
ਐਕਸਿਸ ਬੈਂਕ ਲਿਮਟਿਡ

ਬੈਂਕ ਔਫ਼ ਬੜੌਦਾ
Bank of Baroda

Branch: SSI Ludhiana,
Near Veer Palace, Chandigarh Road,
Ludhiana - 141010
E-Mail: SSILUD@bankofbaroda.com

ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਧੀਨ ਬੈਂਕ ਆਫ ਬੜੌਦਾ, ਐੱਸ ਐੱਸ ਆਈ, ਲੁਧਿਆਣਾ-141010 ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਹੇਠਾਂ ਦਰਸਾਈਆਂ ਮਿਤੀਆਂ ’ਤੇ ਨੋਟਿਸਾਂ ’ਚ ਹੇਠਾਂ ਦਰਸਾਈ ਰਕਮ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦੇ ਦਿੰਦੇ ਨੋਟਿਸ ਜਾਰੀ ਕੀਤੇ ਹਨ।

ਕਰਜ਼ਦਾਰ ਰਕਮ ਵਾਪਸ ਮੋੜਨ ’ਚ ਅਸਫਲ ਰਹੇ ਹਨ, ਕਰਜ਼ਦਾਰ (ਕਰਜ਼ਦਾਰਾਂ) ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਰੀਕਾਂ ’ਤੇ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਐੱਸ ਐੱਸ ਆਈ, ਲੁਧਿਆਣਾ-141010 ਵੱਲੋਂ ਹੇਠਾਂ ਦਰਸਾਈ ਕੁੱਲ ਰਕਮ, ਜਮ੍ਹਾਂ ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲਬਧ ਸਮੇਂ ’ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ	ਰਹਿਣ ਕੀਤੀ ਜਾਇਦਾਦ/ ਜਾਇਦਾਦਾਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਕਬਜ਼ੇ ਦੀ ਕਿਸਮ ਬਕਾਇਆ ਖੜੀ ਰਕਮ
(ਕਰਜ਼ਦਾਰ/ਕਰਜਦਾਰਾਂ) : ਮੈਸ. ਐੱਸ ਆਰ ਇੰਟਰਨੈਸ਼ਨਲ , ਜਿਸ ਦੇ ਭਾਈਵਾਲ (1) ਸ੍ਰੀ ਸਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਅਤੇ ਭਾਈਵਾਲ (2) ਸ੍ਰੀ ਰਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ।	ਵਿਕਰੀ ਬੈਨਾਮਾ 19508 ਮਿਤੀ 15.02.2006 ਰਾਹੀਂ ਸ੍ਰੀ ਸਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਅਤੇ ਸ੍ਰੀ ਰਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਦੀ ਸਾਂਝੀ ਮਾਲਕੀ ਹੇਠ ਪਿੰਡ ਢੰਡਾਰੀ ਖੁਰਦ, ਹੱਦਬਸਤ ਨੰ. 242, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੇ ਰੈਵੀਨਿਊ ਅਸਟੇਟ ਅੰਦਰ ਸਥਿਤ ਸਾਲ 2011-2012 ਦੀ ਤਾਜ਼ਾ ਜਮ੍ਹਾਂਬੰਦੀ ਅਨੁਸਾਰ ਵਿਕਰੀ ਬੈਨਾਮਾ ਅਤੇ ਖਾਤਾ ਨੰ.121/124 ਵਿੱਚ ਵਰਨਣ ਮੁਤਾਬਕ ਸਾਲ 2001-2002 ਲਈ ਜਮਾਂਬੰਦੀ ਅਨੁਸਾਰ ਖਸਰਾ ਨੰ. 18//11/2,12/2,19//14/2/2, 17/1/2 , 15/2, 16/1, ਖਾਤਾ ਨੰ.100/106 ਵਿੱਚ ਸ਼ਾਮਲ ਜਾਇਦਾਦ ਰਕਬਾ 2 ਕਨਾਲ 4-1/2 ਮਰਲੇ-(1346 ਵਰਗ ਗਜ਼ਲੱਗਭਗ) ਅਤੇ ਹੱਦਾਂ ਇਸ ਤਰ੍ਹਾਂ ਹਨ ; ਪੂਰਬ : ਮਹਾਜਨ ਪੈਕਰਜ਼ ਫੈਕਟਰੀ 180’-0’’, ਪੱਛਮ : ਖਾਲੀ ਪਲਾਟ 180’-0’’ ਉੱਤਰ : ਲੇਬਰ ਕੁਆਟਰਜ਼ 67’-3’’, ਦੱਖਣ ; ਸੜਕ 67’-3’’	11-07-2024	03.10.2024	ਸੰਕੇਤਕ ਕਬਜ਼ਾ ਰੁਪਏ 2,44,33,092.75 (ਰੁਪਏ ਦੋ ਕਰੋੜ ਚੁਤਾਲੀ ਲੱਖ ਤੇਤੀ ਹਜ਼ਾਰ ਬਾਨਵੇਂ ਅਤੇ ਪਚੱਤਰ ਪੈਸੇ ਕੇਵਲ) ਮਿਤੀ 03.07.2024 ਅਨੁਸਾਰ ਅਤੇ ਇਸ ਉਪਰ ਹੋਰ ਵਿਆਜ ਅਤੇ ਖਰਚੇ।

ਮਿਤੀ : 03.10.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

(This is not an Offer Document Announcement. This is an Addendum to Red Herring Prospectus dated September 24, 2024)

PDTL

PARAMOUNT DYE TEC LIMITED

Corporate Identification Number: U13114PB2024PLC060422

Our Company was initially established as Partnership Firm under the Partnership Act, 1932 (“Partnership Act”) in the name and style of “Paramount Dye Tec” pursuant to Deed of Partnership dated January 03, 2014, effective from January 01, 2014. Paramount Dye Tec was thereafter converted from Partnership Firm to a Public Limited Company under Part I chapter XXI of the Companies Act, 2013 with the name and style of “Paramount Dye Tec Limited” and received a Certificate of Incorporation from the Registrar of Companies, Central Registration Centre dated January 04, 2024. The Corporate Identification Number of the Company is U13114PB2024PLC060422. For details in relation to the incorporation, Change in Registered Office and other details, please refer to the chapter titled ***“Our History and Certain Other Corporate Matters”*** beginning on page 146 of the Red Herring Prospectus.

Registered Office: Village Mangarh, Machiwara Road, Kohara, Ludhiana - 141112, Punjab, India
Contact Person: Ms. Chandni Jain, Company Secretary and Compliance Officer
Email: info@paramountdyetec.com; **Website:** www.paramountdyetec.com; **Contact No.:** +91 9056855519

PROMOTERS OF OUR COMPANY: MR. KUNAL ARORA AND MS. PALKI ARORA

THE ISSUE

INITIAL PUBLIC OFFER OF UPTO 24,30,000* EQUITY SHARES OF FACE VALUE OF ₹ 10.00 EACH (“EQUITY SHARES”) OF PARAMOUNT DYE TEC LIMITED (THE “COMPANY” OR THE “ISSUER”) FOR CASH AT A PRICE OF ₹ [●] PER EQUITY SHARE INCLUDING A SHARE PREMIUM OF ₹ [●] PER EQUITY SHARE (THE “ISSUE PRICE”) AGGREGATING TO ₹ [●] LAKHS (“THE ISSUE”). THE ISSUE INCLUDES A RESERVATION OF UPTO 1,22,400 EQUITY SHARES AGGREGATING TO ₹ [●] LAKHS WILL BE RESERVED FOR SUBSCRIPTION BY MARKET MAKER TO THE ISSUE (THE “MARKET MAKER RESERVATION PORTION”). THE ISSUE LESS THE MARKET MAKER RESERVATION PORTION I.E. NET ISSUE OF UPTO 23,07,600 EQUITY SHARES AGGREGATING TO ₹ [●] LAKHS (THE “NET ISSUE”). THE ISSUE AND THE NET ISSUE WILL CONSTITUTE 35.00% AND 33.24% RESPECTIVELY OF THE POST ISSUE PAID-UP EQUITY SHARE CAPITAL OF OUR COMPANY.

PRICE BAND: ₹ 111.00 to ₹ 117.00 PER EQUITY SHARE OF FACE VALUE OF ₹ 10.00 EACH AND THE ISSUE PRICE IS 11.1 TO 11.7 TIMES OF THE FACE VALUE AT THE LOWER PRICE BAND AND THE UPPER PRICE BAND RESPECTIVELY. BID CAN BE MADE FOR MINIMUM OF 1,200 EQUITY SHARES AND THE MULTIPLES OF 1,200 EQUITY SHARES THEREAFTER

** Subject to finalization of the Basis of Allotment*

ISSUE PROGRAM
ANCHOR BID OPENS ON FRIDAY, SEPTEMBER 27, 2024*
OPENS ON: MONDAY, SEPTEMBER 30, 2024*
CLOSES ON: WEDNESDAY, OCTOBER 02, 2024#**

** Our Company in consultation with the BRLM considered participation by Anchor Investors in accordance with the SEBI ICDR Regulations. The Anchor Investor Bid/ Issue Period was open one Working Day prior to the Bid/Issue Opening Date.*
***Our Company may, in consultation with the BRLM, consider closing the Bid/Issue Period for QIBs one Working Day prior to the Bid/Issue Closing Date in accordance with the SEBI ICDR Regulations.*
# The UPI mandate end time and date shall be at 5:00 p.m. on Bid/Issue Closing Day.

ADDENDUM TO THE RED HERRING PROSPECTUS DATED SEPTEMBER 24, 2024

ATTENTION

The Addendum is with reference to the Red Herring Prospectus dated September 24, 2024 filed by Paramount Dye Tec Limited in relation to the Issue with Registrar of Companies, Chandigarh on September 24, 2024 and submitted with Emerge Platform of NSE Limited (“NSE Emerge”).
Attention of Investors is drawn on the following:
On page 201 under the head “UNSECURED LOANS FROM FINANCIAL INSTITUTION” in the Chapter titled “STATEMENT OF FINANCIAL INDEBTEDNESS”, the table will be read as follow:

Name of Lender	Purpose	Date of Sanction	Sanctioned Amount (₹ in lakhs)	Rate of Interest	Repayment Terms	Outstanding as on 31.03.2024 (₹ in lakhs)	Outstanding as on 30.06.2024 (₹ in lakhs)
Indian Infotech Software Limited	Loan for Capital Expansion	08-03-2024	450.00	10.00%	Repayable on demand after 9 months	451.35	451.35
Total						**451.35**	**451.35**

On page F-22 under the head “Short-Term Borrowings-UNSECURED LOANS”, the word business loan has be construed as “Loan for Capital Expansion”, the table will be read as follows:

Name of Lender	Purpose	Date of Sanction	Sanctioned Amount (₹ in lakhs)	Repayment Terms	Rate of Interest	Outstanding as on 31.03.2024 (₹ in lakhs)
Indian Infotech Software Limited	Loan for Capital Expansion	08-03-2024	450.00	Repayable on demand after 9 months	10.00%	451.35

Date: October 03, 2024
Place: Ludhiana

For Paramount Dye Tec Limited
Sd/-
Kunal Arora
Managing Director
DIN: 09791270